ਭਾਰਤ-ਫਰਾਂਸ ਵਿਦੇਸ਼ ਦਫਤਰ ਦੇ ਸਲਾਹ-ਮਸ਼ਵਰੇ (20 ਜਨਵਰੀ, 2025)

20 ਜਨਵਰੀ, 2025

ਭਾਰਤ-ਫਰਾਂਸ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (FOC) 20 ਜਨਵਰੀ, 2025 ਨੂੰ ਪੈਰਿਸ ਵਿੱਚ ਆਯੋਜਿਤ ਕੀਤੇ ਗਏ ਸਨ, ਜਿਸ ਦੀ ਸਹਿ-ਪ੍ਰਧਾਨਗੀ ਭਾਰਤ ਦੇ ਵਿਦੇਸ਼ ਸਕੱਤਰ, ਸ਼੍ਰੀ. ਵਿਕਰਮ ਮਿਸਰੀ ਅਤੇ ਯੂਰੋਪ ਅਤੇ ਵਿਦੇਸ਼ ਮਾਮਲਿਆਂ ਲਈ ਫਰਾਂਸ ਮੰਤਰਾਲੇ ਦੀ ਸਕੱਤਰ-ਜਨਰਲ, ਸ਼੍ਰੀਮਤੀ ਐਨ-ਮੈਰੀ ਡੇਸਕੋਟਸ ਨੇ ਕੀਤੀ। ਵਿਦੇਸ਼ ਸਕੱਤਰ ਨੇ ਯੂਰੋਪ ਦੇ ਮੰਤਰੀ ਅਤੇ ਫਰਾਂਸ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਸ਼੍ਰੀ ਜੀਨ-ਨੋਏਲ ਬੈਰੋਟ ਅਤੇ ਫਰਾਂਸ ਗਣਰਾਜ ਦੇ ਰਾਸ਼ਟਰਪਤੀ ਦੇ ਕੂਟਨੀਤਕ ਸਲਾਹਕਾਰ ਸ਼੍ਰੀ ਇਮੈਨੁਅਲ ਬੋਨ ਨਾਲ ਵੀ ਮੁਲਾਕਾਤ ਕੀਤੀ।

2. ਬੈਠਕ ਦੌਰਾਨ, ਦੋਵਾਂ ਧਿਰਾਂ ਨੇ ਭਾਰਤ-ਫਰਾਂਸ ਹੋਰੀਜ਼ਨ 2047 ਰੋਡਮੈਪ ਵਿੱਚ ਦਰਸਾਏ ਗਏ ਦੁਵੱਲੇ ਸਹਿਯੋਗ ਦੇ ਵੱਖ-ਵੱਖ ਪਹਿਲੂਆਂ ਵਿੱਚ ਹੋਈ ਪ੍ਰਗਤੀ ਦੀ ਵਿਆਪਕ ਸਮੀਖਿਆ ਕੀਤੀ। ਵਿਚਾਰ-ਵਟਾਂਦਰੇ ਵਿੱਚ ਦੁਵੱਲੇ ਸਹਿਯੋਗ ਦੇ ਮੁੱਖ ਖੇਤਰਾਂ ਵਿੱਚ ਰੱਖਿਆ, ਨਾਗਰਿਕ ਪਰਮਾਣੂ ਊਰਜਾ, ਪੁਲਾੜ, ਸਾਈਬਰ ਅਤੇ ਡਿਜੀਟਲ, AI, ਸੰਸਥਾਗਤ ਸੰਵਾਦ ਵਿਧੀਆਂ, ਅਤੇ ਲੋਕਾਂ ਦੇ ਵਿੱਚ ਆਪਸੀ ਆਦਾਨ-ਪ੍ਰਦਾਨ ਅਤੇ ਸੱਭਿਆਚਾਰਕ ਸਬੰਧਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਪਹਿਲਕਦਮੀਆਂ ਸ਼ਾਮਲ ਹਨ। ਦੋਵੇਂ ਧਿਰ ਉੱਚ ਪੱਧਰੀ ਤਕਨਾਲੋਜੀ ਸੈਕਟਰਾਂ ਦੇ ਖੇਤਰਾਂ ਵਿੱਚ ਦੁਵੱਲੀ ਭਾਈਵਾਲੀ ਨੂੰ ਵਧਾਉਣ ਲਈ ਸਹਿਮਤ ਹੋਏ। ਇਸ ਤੋਂ ਇਲਾਵਾਂ, ਇਸ ਵਾਰਤਾ ਵਿੱਚ ਵਿਸ਼ਵ ਅਤੇ ਖੇਤਰੀ ਮੁੱਦਿਆਂ ਜਿਵੇਂ ਕਿ ਵਾਤਾਵਰਣ ਵਿੱਚ ਸਹਿਯੋਗ, ਜਲਵਾਯੂ ਪਰਿਵਰਤਨ ਅਤੇ ਸਿਹਤ, ਇੰਡੋ-ਪੈਸੀਫਿਕ ਵਿੱਚ ਸਹਿਯੋਗ, ਤਿਕੋਣੀ ਵਾਰਤਾ, ਤੀਜੇ ਦੇਸ਼ਾਂ ਵਿੱਚ ਸਾਂਝੇ ਵਿਕਾਸ ਪ੍ਰੋਜੈਕਟਾਂ ਅਤੇ ਚੱਲ ਰਹੇ ਅੰਤਰਰਾਸ਼ਟਰੀ ਮੁੱਦੇ ਅਤੇ ਸੰਕਟ ਜਿਵੇਂ ਕਿ ਮੱਧ ਪੂਰਬ ਅਤੇ ਰੂਸ-ਯੂਕਰੇਨ ਸੰਘਰਸ਼ ਨਾਲ ਸੰਬੰਧਿਤ ਸਥਿਤੀ ਬਾਰੇ, ਚਰਚਾ ਕੀਤੀ ਗਈ।

3. ਵਿਦੇਸ਼ ਸਕੱਤਰ ਅਤੇ ਸਕੱਤਰ ਜਨਰਲ ਨੇ ਨਾਗਰਿਕ ਪ੍ਰਮਾਣੂ ਊਰਜਾ 'ਤੇ ਭਾਰਤ-ਫਰਾਂਸ ਵਿਸ਼ੇਸ਼ ਟਾਸਕ ਫੋਰਸ ਦੀ ਬੈਠਕ ਦੀ ਸਹਿ-ਪ੍ਰਧਾਨਗੀ ਵੀ ਕੀਤੀ।

ਪੈਰਿਸ

20 ਜਨਵਰੀ, 2025